# ਪਰਵਾਸੀ ਪੰਜਾਬੀ ਕਾਵਿ : ਮਨੁੱਖੀ ਅਸਤਿਤਵ ਦਾ ਅਲਾਪ

## (ਦੇਸ ਹੋਇਆ ਪਰਦੇਸ ਦੇ ਸੰਦਰਭ ਵਿੱਚ)

**ਸੁਮਨਜੀਤ ਕੌਰ***
ਅਸਿਸਟੈਂਟ ਪ੍ਰੋਫ਼ੈਸਰ,
ਖ਼ਾਲਸਾ ਕਾਲਜ ਫ਼ਾਰ ਵਿਮਨ,
ਅੰਮ੍ਰਿਤਸਰ।

ਪਰਵਾਸ ਮਨੁੱਖੀ ਸੁਭਾਅ ਦਾ ਇਕ ਅਹਿਮ ਹਿੱਸਾ ਹੈ। ਮੁੱਢ ਤੋਂ ਲੈ ਕੇ ਅੱਜ ਤੱਕ ਪਰਵਾਸ ਦਾ ਇਹ ਸਿਲਸਿਲਾ ਨਿਰੰਤਰ ਜਾਰੀ ਹੈ। ਭਾਵੇਂ ਆਰਥਿਕਤਾ ਪਰਵਾਸ ਨਾਲ ਜੁੜਿਆ ਮੁੱਖ ਮਸਲਾ ਹੈ, ਪਰ ਹਰ ਦੌਰ ਵਿਚ ਪਰਵਾਸ ਧਾਰਨ ਕਰਨ ਦੇ ਵੱਖੋ-ਵੱਖਰੇ ਕਾਰਨ ਸਾਹਮਣੇ ਆਉਂਦੇ ਹਨ। ਪਹਿਲੇ ਦੌਰ ਵਿਚ ਵਧੇਰੇ ਆਰਥਿਕਤਾ ਪ੍ਰਾਪਤ ਕਰਕੇ ਮੁੜ ਆਉਣ ਦੀ ਲਾਲਸਾ ਹਿੱਤ ਬਹੁਤ ਸਾਰੇ ਲੋਕਾਂ ਨੇ ਪਰਵਾਸ ਧਾਰਿਆ। ਪਰੰਤੂ ਅੱਜ ਦੇ ਦੌਰ ਵਿਚ ਪਰਵਾਸ ਧਾਰਨ ਦਾ ਮੁੱਖ ਕਾਰਨ ਬੇਰੁਜ਼ਗਾਰੀ ਹੈ। ਜਿਸ ਕਾਰਨ ਬਹੁਤ ਸਾਰੇ ਨੌਜਵਾਨ ਪੱਕੇ ਤੌਰ 'ਤੇ ਵਿਦੇਸ਼ਾਂ ਵਿਚ ਜਾਣ ਨੂੰ ਤਰਜੀਹ ਦੇ ਰਹੇ ਹਨ।

ਪਰਵਾਸ ਇਕ ਅੰਤਰਰਾਸ਼ਟਰੀ ਵਰਤਾਰਾ ਹੈ। ਜਿਸ ਨੇ ਪੰਜਾਬੀਆਂ ਨੂੰ ਕਈ ਪੱਧਰਾਂ ਤੇ ਪ੍ਰਭਾਵਿਤ ਕੀਤਾ ਹੈ। ਇੱਕੀਵੀਂ ਸਦੀ ਵਿਚ ਇਸਦੇ ਸਰੋਕਾਰਾਂ ਵਿਚ ਨਿਰੰਤਰ ਤਬਦੀਲੀ ਆ ਰਹੀ ਹੈ। ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਅਤੇ ਵਧੇਰੇ ਸੁੱਖ ਸਹੂਲਤਾਂ ਪ੍ਰਾਪਤ ਕਰਨ ਹਿੱਤ ਬਹੁਤ ਸਾਰੇ ਪੰਜਾਬੀਆਂ ਨੇ ਪਰਵਾਸ ਧਾਰਨ ਕੀਤਾ। ਜਿਸ ਦੇ ਸਿੱਟੇ ਵਜੋਂ ਅੱਜ ਪੂਰੇ ਵਿਸ਼ਵ ਅੰਦਰ ਪਰਵਾਸੀ ਪੰਜਾਬੀ ਮੌਜੂਦ ਹਨ। ਇਨ੍ਹਾਂ ਪਰਵਾਸੀ ਪੰਜਾਬੀਆਂ ਨੇ ਆਪਣੇ ਮਨੋਭਾਵਾਂ, ਵਿਚਾਰਾਂ ਅਤੇ ਪਰਵਾਸ ਨਾਲ ਸੰਬੰਧਿਤ ਕੌੜੇ, ਮਿੱਠੇ ਅਨੁਭਵਾਂ ਨੂੰ ਪੰਜਾਬੀ ਪਾਠਕਾਂ ਸਨਮੁਖ ਪੇਸ਼ ਕਰਨ ਲਈ ਸਾਹਿਤ ਵਰਗੇ ਮਾਧਿਅਮ ਨੂੰ ਚੁਣਿਆ।

ਸਾਹਿਤ ਦੇ ਵੱਖ-ਵੱਖ ਰੂਪਾਂ ਵਿਚੋਂ ਕਵਿਤਾ ਇਕ ਅਜਿਹੀ ਵਿਧਾ ਹੈ ਜਿਸ ਰਾਹੀਂ ਪਰਵਾਸੀ ਪੰਜਾਬੀਆਂ ਨੇ ਆਪਣੇ ਮਨੋਵੇਗਾਂ ਦੀ ਅਭਿਵਿਅਕਤੀ ਕੀਤੀ। "ਪਰਵਾਸੀ ਸਾਹਿਤ ਵਿਚ ਸਭ ਤੋਂ ਪ੍ਰਭਾਵਸ਼ਾਲੀ ਸਥਿਤੀ ਪੰਜਾਬੀ ਕਵਿਤਾ ਦੀ ਹੈ। ਵਿਦੇਸ਼ਾਂ ਵਿਚ ਰਚੀ ਜਾ ਰਹੀ ਪੰਜਾਬੀ ਕਵਿਤਾ ਦੀ ਵੰਨ-ਸੁਵੰਨਤਾ ਬਹੁ-ਪਰਤੀ ਤੇ ਬਹੁ-ਪਾਸਾਰੀ ਚਰਿੱਤਰ ਧਾਰਨ ਕਰਦੀ ਹੋਈ ਕਾਵਿਕਤਾ ਦੇ ਪੱਖੋਂ ਸਮੁੱਚੀ ਪੰਜਾਬੀ ਕਵਿਤਾ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਕਰਨ ਦੇ ਸਮਰੱਥ ਹੈ।"[1] ਪਰਵਾਸੀ ਕਵਿਤਾ ਤੋਂ ਭਾਵ ਇਹ ਨਹੀਂ ਕਿ ਇਸ ਰਾਹੀਂ ਪਰਵਾਸੀਆਂ ਨੇ ਆਪਣੇ ਮਨੋਭਾਵਾਂ, ਸਮੱਸਿਆਵਾਂ ਅਤੇ ਰੁਦਨ ਨੂੰ ਹੀ ਪੇਸ਼

ਕੀਤਾ ਹੈ। ਸਗੋਂ ਪਰਵਾਸੀ ਕਵਿਤਾ ਸਮੁੱਚੇ ਵਿਸ਼ਵ ਅੰਦਰ ਹੋ ਰਹੀਆਂ ਨਵੀਆਂ ਕਾਢਾਂ, ਪਰਿਵਰਤਨਾਂ, ਸੋਚਾਂ ਅਤੇ ਨੈਤਿਕ ਕਦਰਾਂ-ਕੀਮਤਾਂ ਤੋਂ ਵੀ ਪੰਜਾਬੀ ਪਾਠਕ ਨੂੰ ਜਾਣੂ ਕਰਵਾਉਂਦੀ ਹੈ।

ਹਥਲੇ ਖੋਜ ਪੱਤਰ ਵਿਚ 12 ਦੇਸ਼ਾਂ ਬਰਤਾਨੀਆਂ, ਨੀਦਰਲੈਂਡ, ਆਸਟ੍ਰੇਲੀਆ, ਸਵੀਡਨ, ਡੈੱਨਮਾਰਕ, ਕੁਵੈਤ, ਇਟਲੀ, ਜਾਪਾਨ, ਸਵਿਟਜ਼ਰਲੈਂਡ, ਕੀਨੀਆ, ਅਮਰੀਕਾ, ਕੈਨੇਡਾ ਦੇ ਪਰਵਾਸੀ ਕਵੀਆਂ ਦੀ ਰਚਨਾ ਸ਼ਾਮਿਲ ਹੈ। ਜਿਸ ਵਿਚ ਹਰੇਕ ਕਵੀ ਨੇ ਬੇਗਾਨੇ ਮੁਲਕ ਵਿਚ ਗ੍ਰਹਿਣ ਕੀਤੇ ਆਪਣੇ ਅਨੁਭਵ ਅਤੇ ਵਿਚਾਰਾਂ ਨੂੰ ਸੁਹਜਾਤਮਕ ਢੰਗ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ। ਪਰ ਇਸ ਸਭ ’ਤੇ ਵਿਚਾਰ ਕਰਨ ਤੋਂ ਪਹਿਲਾ ਇਸ ਪੁਸਤਕ ਦੇ ਸਿਰਲੇਖ ‘ਦੇਸ ਹੋਇਆ ਪਰਦੇਸ’ ਨੂੰ ਵਾਚਣਾ ਵੀ ਬਣਦਾ ਹੈ। ਅਸਲ ਵਿਚ ਇਸ ਪੁਸਤਕ ਦਾ ਸਿਰਲੇਖ ਵਡਮੁੱਲੇ ਅਰਥਾਂ ਦਾ ਧਾਰਨੀ ਹੈ। ਪਰਵਾਸੀ ਪੰਜਾਬੀਆਂ ਨੇ ਵਧੇਰੇ ਆਰਥਿਕਤਾ ਜਾਂ ਆਪਣੀ ਆਰਥਿਕ ਹਾਲਤ ਨੂੰ ਸੁਧਾਰਨ ਅਤੇ ਮਾਨਸਿਕ ਸੰਵੇਦਨਾ ਦੀ ਪੂਰਤੀ ਲਈ ਪਰਵਾਸ ਧਾਰਨ ਕੀਤਾ। ਵਧੇਰੇ ਪੂੰਜੀ ਪ੍ਰਾਪਤ ਕਰਕੇ ਅਤੇ ਆਰਥਿਕ ਹਾਲਤਾਂ ਨੂੰ ਸੁਧਾਰ ਕੇ ਇਹ ਲੋਕ ਵਾਪਸ ਆਪਣੇ ਦੇਸ ਪਰਤਣ ਦੀ ਲੋਚਾ ਰੱਖਦੇ ਸਨ। ਪਰ ਬੇਗਾਨੇ ਮੁਲਕ ਵਿਚ ਇਨ੍ਹਾਂ ਲੋਕਾਂ ਦੀਆਂ ਇੱਛਾਵਾਂ ਨੂੰ ਬੂਰ ਨਾ ਪਿਆ। ਇਨ੍ਹਾਂ ਪਰਵਾਸੀਆਂ ਨੂੰ ਲੰਮਾ ਸਮਾਂ ਆਪਣੇ ਦੇਸ਼ ਪਰਤਣ ਦਾ ਮੌਕਾ ਨਾ ਮਿਲਣ ਕਰਕੇ ਆਪਣਾ ਦੇਸ਼ ਹੀ ਉਨ੍ਹਾਂ ਲਈ ਪਰਦੇਸ ਹੋ ਗਿਆ। ਭਾਵ ਇਹ ਕਿ ਆਪਣੇ ਦੇਸ਼ ਵਿਚ ਵੀ ਉਨ੍ਹਾਂ ਨੂੰ ਅਜਨਬੀ ਸਮਝਿਆ ਜਾਣ ਲੱਗ ਪਿਆ। ਏਧਰ ਵੱਸਦੇ ਉਨ੍ਹਾਂ ਦੇ ਭੈਣ-ਭਰਾਵਾਂ ਨੇ ਉਨ੍ਹਾਂ ਨਾਲ ਪਿਆਰ ਦਾ ਰਿਸ਼ਤਾ ਤਿਆਗ ਕੇ ਡਾਲਰੀ ਰਿਸ਼ਤਾ ਨਿਭਾਇਆ। ਫਿਰ ਜਦੋਂ ਪਰਵਾਸੀ ਆਪਣੇ ਆਲੇ-ਦੁਆਲੇ ਪਸਰੇ ਅਜਿਹੇ ਮਾਹੌਲ ਨੂੰ ਦੇਖਦਾ ਹੈ ਤਾਂ ਉਸ ਨੂੰ ਆਪਣਾ ਦੇਸ਼ ਵੀ ਪਰਦੇਸ ਲੱਗਦਾ ਹੈ:

ਵਤਨ ਪਰਾਏ ਉਹ ਅਖਵਾਉਂਦੇ ਰਹੇ ਪਰਦੇਸੀ
ਜਦ ਕਦੀ ਵੀ ਆਪਣੇ ਵਤਨ ਗਏ
ਤੇ ਉਹ ਵੀ ਪਰਦੇਸ ਹੀ ਲਗਦਾ ਬੇਗ਼ਾਨਾ ਲਗਦਾ[2]

ਅਜਿਹੀ ਹਾਲਤ ਦਾ ਸ਼ਿਕਾਰ ਪਰਵਾਸੀ ਮਨੁੱਖ ਦੇਸ਼ ਪਰਤਣ ਦੀ ਥਾਂ ਪਰਦੇਸ ਵਿਚ ਰਹਿਣ ਨੂੰ ਹੀ ਤਰਜੀਹ ਦੇਂਦਾ ਹੈ। ਪਰਦੇਸ ਵਿਚ ਰਹਿੰਦਿਆਂ ਉਸਨੂੰ ਕਈ ਬਹੁ-ਪਰਤੀ ਦੇ ਬਹੁ-ਦਿਸ਼ਾਵੀ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ। ਆਪਣੇ ਮਨ ਦੀਆਂ ਅਕਾਖਿਆਵਾਂ ਨੂੰ ਜ਼ੁਬਾਨ ਦੇ ਕੇ ਉਹ ਆਪਣੇ ਭਾਵਾਂ ਨੂੰ ਫਰੋਲਦਾ ਹੈ।

ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਪਰਵਾਸ ਦਾ ਮੂਲ ਵਰਤਾਰਾ ਆਰਥਿਕਤਾ ਨਾਲ ਜੁੜਿਆ ਹੈ। ਹਰ ਦੇਸ਼ ਦੀ ਪਰਵਾਸੀ ਕਵਿਤਾ ਵੱਖੋ-ਵੱਖਰੇ ਭਾਵਾਂ ਤੇ ਸਰੋਕਾਰਾਂ ਨੂੰ ਪੇਸ਼ ਕਰਦੀ ਹੋਈ ਵੀ ਲਗਭਗ ਇਕੋ ਜਿਹਾ ਮੁਹਾਂਦਰਾ ਸਿਰਜਦੀ ਹੈ। ਪਰਵਾਸ ਧਾਰ ਕੇ ਉਜਲੇ ਭਵਿੱਖ ਨਾਲ ਸੰਬੰਧਿਤ ਸੁਪਨੇ ਸਿਰਜ ਕੇ ਪਰਵਾਸੀ ਪਰਾਈ ਧਰਤੀ ’ਤੇ ਪੈਰ ਰੱਖਦੇ ਹਨ।

ਇਨ੍ਹਾਂ ਦੇ ਇਹ ਸੁਪਨੇ ਤੇ ਮਨੋਭ੍ਰਾਂਤੀਆਂ ਪੂਰੇ ਹੋਣ ਦੀ ਬਜਾਏ ਜਦ ਅਸਲੀਅਤ ਨਾਲ ਰੂ-ਬ-ਰੂ ਹੁੰਦੇ ਹਨ, ਤਾਂ ਟੁੱਟਦੇ ਨਜ਼ਰੀ ਪੈਂਦੇ ਹਨ:

ਉਹ ਆਏ ਸਨ
ਅੱਖਾਂ ਵਿਚ ਬਹੁਤ ਸਾਰੇ ਸੁਪਨੇ ਲੈ ਕੇ
ਤੇ ਅੱਖਾਂ ’ਚ ਸੁਪਨੇ ਬੀਜ ਕੇ
ਕਿ ਉਹ ਪਰਤਣ ਵੇਲੇ
ਸੁਪਨਿਆਂ ਲਈ ਰੰਗ ਤੇ ਕਿਲਕਾਰੀਆਂ ਲਈ ਆਉਣਗੇ
ਪਰ ਉਹਨਾਂ ਜਿਥੇ ਵੀ ਹਾਸਿਆਂ ਦੇ ਭਾਅ ਪੁੱਛੇ
ਖਰੀਦਣ ਦੀ ਬਜਾਏ ਵਿਕ ਗਏ ਆਪ ਹੀ[3]

ਇਸ ਪ੍ਰਕਾਰ ਜਦੋਂ ਇਨ੍ਹਾਂ ਦੇ ਸੁਪਨੇ ਸਾਕਾਰ ਹੋਣ ਦੀ ਥਾਂ ਟੁੱਟਦੇ ਹਨ ਤਾਂ ਇਹ ਲੋਕ ਆਪਣੀ ਆਰਥਿਕਤਾ ਨੂੰ ਸੁਧਾਰ ਕੇ ਵਾਪਸ ਆਪਣੇ ਦੇਸ਼ ਪਰਤਣ ਦੀ ਲੋਚਾ ਰੱਖਦੇ ਹਨ। ਆਪਣੇ ਢਹਿ-ਢੇਰੀ ਹੋਏ ਮਨ ਨੂੰ ਢਾਰਸ ਬਣਾਉਣ ਦਾ ਯਤਨ ਕਰਦੇ ਹਨ:

ਮੁੜ ਜਾਵਾਂਗੇ, ਮੁੜ ਜਾਵਾਂਗੇ
ਅਗਲੇ ਸਾਲ ਜਾਂ ਰੁੱਤ ਫਿਰੀ ਤਾਂ ਮੁੜ ਜਾਵਾਂਗੇ
ਫਿਰ ਮਿੱਤਰਾਂ ਦੀ ਢਾਣੀ ਅੰਦਰ ਜੁੜ ਜਾਵਾਂਗੇ[4]

ਪਰਵਾਸੀ ਧਰਤੀ ’ਤੇ ਵਿਚਰਦਿਆਂ ਇਨ੍ਹਾਂ ਦੇ ਸੁਪਨੇ ਹੀ ਨਹੀਂ ਟੁੱਟੇ, ਸਗੋਂ ਉਦਾਸੀ, ਉਦਰੇਵਾਂ, ਅਜਨਬੀਅਤ ਅਤੇ ਇਥੋਂ ਦੇ ਸਥਾਨਿਕ ਲੋਕਾਂ ਦਾ ਵਿਹਾਰ ਵੀ ਇਨ੍ਹਾਂ ਦੀ ਆਤਮਾ ਨੂੰ ਝੰਜੋੜ ਕੇ ਸੁੱਟ ਦਿੰਦਾ ਹੈ। ਆਪਣੀ ਧਰਤੀ ਨੂੰ ਛੱਡਣ ਦਾ ਅਹਿਸਾਸ ਅਤੇ ਅਤੀਤ ਇਨਾਂ ਦੀ ਕਵਿਤਾ ਵਿਚ ਥਾਂ ਪੁਰ ਥਾਂ ਹਾਜ਼ਰ ਹੈ। ਆਪਣੇ ਦੇਸ਼ ਵਿਚ ਸਰਦਾਰੀ ਭੋਗਦੇ ਮਨੁੱਖ ਨੂੰ ਜਦੋਂ ਪਰਾਈ ਧਰਤੀ ’ਤੇ ਆਪਣੇ ਤੋਂ ਨੀਵੇਂ ਪੱਧਰ ਦੇ ਕੰਮ ਕਰਨੇ ਪੈਂਦੇ ਹਨ, ਤਾਂ ਉਸਨੂੰ ਆਪਣਾ ਮਿਆਰ ਉੱਚਾ ਉੱਠਣ ਦੀ ਬਜਾਏ ਡਿੱਗਦਾ ਨਜ਼ਰੀ ਪੈਂਦਾ ਹੈ। ਦੂਜਾ ਸਥਾਨਿਕ ਲੋਕਾਂ ਵੱਲੋਂ ਜਾਤ, ਨਸਲ, ਰੰਗ ਦੇ ਆਧਾਰ ’ਤੇ ਕੀਤਾ ਵਿਤਕਰਾ ਵੀ ਉਨ੍ਹਾਂ ਦੇ ਸਵੈ ਨੂੰ ਖੋਰਦਾ ਹੈ:

ਬੇਗਾਨੇ ਮੁਲਕ ਵਿਚ ਰਹਿਣਾ
ਬੇਗਾਨੀਆਂ ਤੇ ਕਮੀਨਗੀਆਂ ਭਰੀਆਂ

ਨਜ਼ਰਾਂ ਨੂੰ ਸਹਿਣਾ ਹੀ ਬੇਵਤਨੀ ਹੈ[5]

ਏਨਾ ਹੀ ਨਹੀਂ ਪਰਾਏ ਦੇਸ਼ ਵਿਚ ਇਨ੍ਹਾਂ ਨੂੰ ਆਪਣੀ ਜ਼ੁਬਾਨ, ਪਹਿਚਾਣ, ਧਰਮ, ਸਭਿਆਚਾਰ ਸਭ ਕੁਝ ਖ਼ਤਮ ਹੁੰਦਾ ਦਿਸਦਾ ਹੈ। ਬਹੁਤ ਕੁਝ ਪ੍ਰਾਪਤ ਕਰਨ ਦੀ ਆੜ ਹੇਠ ਜਦੋਂ ਇਨ੍ਹਾਂ ਦੀ ਪਹਿਚਾਣ, ਅਤੀਤ, ਵਰਤਮਾਨ ਤੇ ਭਵਿੱਖ ਦਾਅ 'ਤੇ ਲੱਗਦਾ ਹੈ, ਤਾਂ ਅੰਦਰੂਨੀ ਆਤਮਾ ਝੰਜੋੜੀ ਜਾਂਦੀ ਹੈ:

– ਸਭ ਤੋਂ ਪਹਿਲਾ ਕਤਲ ਹੁੰਦੀ ਏ ਸਾਡੀ ਜ਼ੁਬਾਨ
ਫਿਰ ਵਾਰੀ ਲਿਬਾਸ ਦੀ[6]
– ਦਸਤਾਰ ਵੇਖ ਕੇ ਨੰਨ੍ਹਾ ਬੱਚਾ ਪੁੱਛਦਾ ਹੈ
ਤੂੰ ਅਲਾਦੀਨ ਵਾਲਾ ਜਿੰਨ ਹੈਂ?[7]

ਇਸ ਤਰ੍ਹਾਂ ਆਪਣਾ ਸਾਰਾ ਕੁਝ ਗੁਆ ਕੇ ਮਸ਼ੀਨ 'ਤੇ ਕੰਮ ਕਰਦਾ ਬੰਦਾ ਮਸ਼ੀਨ ਦੀ ਨਿਆਈ ਬਣ ਕੇ ਰਹਿ ਜਾਂਦਾ ਹੈ। ਉਸ ਨੂੰ ਆਪਣਾ ਆਪਾ ਮਸ਼ੀਨ ਨਾਲ ਓਤਪੋਤ ਹੋਇਆ ਲੱਗਦਾ ਹੈ। ਉਸ ਅੰਦਰੋਂ ਮਨੁੱਖਤਾ ਦਾ ਅਹਿਸਾਸ ਖ਼ਤਮ ਹੋ ਜਾਂਦਾ ਹੈ:

ਮਸ਼ੀਨਾਂ ਵਾਂਗੂ ਸਾਨੂੰ ਚਲਾ ਕੇ ਅੱਠ ਦਸ ਘੰਟੇ
ਬੰਦ ਗੱਡੀਆਂ ਵਿਚ ਸਾਨੂੰ ਘਰੋ-ਘਰੀ ਫਿਰ ਜਾਂਦੇ ਉਤਾਰ
ਭਾਵ ਰਹਿਤ ਮਸ਼ੀਨ ਦਾ ਇਕ ਪੁਰਜਾ ਬਣ ਕੇ
ਮੈਂ ਸਿਧਾਰਥ ਤੋਂ ਬੁੱਧ ਬਣ ਗਿਆ ਹਾਂ[8]

ਪਰਵਾਸੀ ਮਨੁੱਖ ਆਪਣੀਆਂ ਉਲਝਣਾਂ ਤੋਂ ਛੁਟਕਾਰਾ ਪਾਉਣ ਦੀ ਬਜਾਏ ਇਨ੍ਹਾਂ ਉਲਝਣਾਂ ਵਿਚ ਹੋਰ ਉਲਝਦਾ ਪ੍ਰਤੀਤ ਹੁੰਦਾ ਹੈ। ਆਪਣੇ ਉਜਲੇ ਭਵਿੱਖ ਅਤੇ ਬੱਚਿਆਂ ਸੰਬੰਧੀ ਰੰਗਦਾਰ ਸੁਪਨੇ ਸਿਰਜ ਕੇ ਆਇਆ ਪਰਵਾਸੀ ਆਪਣੇ ਬੱਚੇ ਵੀ ਗੁਆ ਬੈਠਦਾ ਹੈ। ਵਿਕਸਿਤ ਪੂੰਜੀਵਾਦੀ ਕਦਰਾਂ-ਕੀਮਤਾਂ ਵਾਲੇ ਦੇਸ਼ ਵਿਚ ਵਿਚਰਦੇ ਇਹ ਬੱਚੇ ਇਸ ਦੇ ਰੰਗ ਵਿਚ ਰੰਗ ਜਾਂਦੇ ਹਨ। ਉਨ੍ਹਾਂ ਲਈ ਅਜੋਕੇ ਪੂੰਜੀਪਤੀ ਦੇਸ਼ ਵਿੱਚ ਭਾਰਤੀ ਕਦਰਾਂ-ਕੀਮਤਾਂ ਕੋਈ ਮਾਇਨੇ ਨਹੀਂ ਰੱਖਦੀਆਂ। ਪੀੜ੍ਹੀਆਂ ਵਿਚਲਾ ਇਹ ਫ਼ਾਸਲਾ ਪਰਵਾਸੀ ਮਨੁੱਖ ਨੂੰ ਦੁਖੀ ਕਰਦਾ ਹੈ, ਜੋ ਪੀੜ੍ਹੀ-ਪਾੜੇ ਦੇ ਰੂਪ ਵਿਚ ਸਾਕਾਰ ਹੁੰਦਾ ਹੈ:

ਬੱਸ! ਪਿਛੇ ਰਹਿ ਗਈ
ਤੇ ਏਥੇ ਜਨਮੀਆਂ
ਦੋ ਪੀੜ੍ਹੀਆਂ ਵਿਚਕਾਰਲਾ ਦੁਖਾਂਤ ਹਾਂ
ਜਿਸ ਨੂੰ ਤਿਲ ਤਿਲ ਕਰਕੇ ਭੋਗਣਾ

ਸਾਡੇ ਹੀ ਜ਼ਿੰਮੇ ਆਇਆ ਹੈ[9]

ਉਹ ਪੀੜ੍ਹੀ ਜੋ ਪਰਦੇਸ਼ਾਂ ਵਿਚ ਜੰਮੀ ਪਲੀ ਹੈ ਜਾਂ ਬਚਪਨ ਵਿਚ ਏਧਰੋ ਓਧਰ ਜਾ ਕੇ ਜਵਾਨ ਹੋਈ ਹੈ। ਉਹ ਉੱਥੋ ਦੇ ਸਭਿਆਚਾਰ ਨੂੰ ਅਪਣਾਉਣ ਨੂੰ ਤਰਜੀਹ ਦਿੰਦੀ ਹੈ। ਉਹ ਆਪਣੇ ਮੂਲ ਸਭਿਆਚਾਰ ਨੂੰ ਤਿਲਾਂਜਲੀ ਦਿੰਦੀ ਪੱਛਮੀ ਕਦਰਾਂ-ਕੀਮਤਾਂ ਨੂੰ ਅਪਣਾਉਂਦੀ ਹੈ। ਜਿਸ ਕਾਰਨ ਰਿਸ਼ਤਿਆਂ ਦੀਆਂ ਤੰਦਾਂ ਟੁੱਟਦੀਆਂ ਹਨ।

ਆਪਣੀ ਸਭਿਅਤਾ ਅਤੇ ਹੋਰ ਸਭ ਕੁਝ ਜਦੋਂ ਪਰਾਏ ਦੇਸ਼ ਵਿਚ ਖੁੱਸਦਾ ਹੈ ਤਾਂ ਆਪਣੀ ਮਿੱਟੀ ਦਾ ਮੋਹ ਅਤੇ ਅਤੀਤ ਦੀ ਯਾਦ ਇਨ੍ਹਾਂ ਉੱਤੇ ਹੋਰ ਵੀ ਹਾਵੀ ਹੋ ਜਾਂਦੀ ਹੈ। ਆਪਣੇ ਮਨੋਭਾਵਾਂ ਨੂੰ ਜ਼ੁਬਾਨ ਦਿੰਦੇ ਲਿਖਦੇ ਹਨ:

ਮਿੱਤਰੋ... ਤੁਹਾਡੇ ਕੋਲ ਘਟੋ ਘੱਟ ਸਮਾਂ ਤਾਂ ਹੈ
ਤ੍ਰੇਲ ਧੋਤੀਆ ਕਣਕਾਂ ਨੂੰ ਨਿਹਾਰਨ ਦਾ
ਤੇ ਸ਼ਾਮਾਂ ਨੂੰ ਪਤਾ ਨਹੀਂ ਕਿਹੜੇ ਘਰਾਂ ਨੂੰ ਜਾਂਦੇ
ਪੰਛੀਆਂ ਦੀਆਂ ਡਾਰਾਂ ਨੂੰ ਤੱਕਣ ਦਾ[10]

ਇਸ ਪ੍ਰਕਾਰ ਵਿਕਸਿਤ ਪੂੰਜੀਵਾਦੀ ਪੈਦਾਵਾਰ ਵਾਲੇ ਦੇਸ਼ ਵਿਚ ਪਰਵਾਸੀ ਦੀ ਪਹਿਚਾਣ, ਜ਼ੁਬਾਨ, ਬੱਚੇ, ਸਭਿਆਚਾਰ, ਅਤੀਤ ਸਭ ਕੁਝ ਗੁਆਚ ਜਾਂਦਾ ਹੈ। ਉਹ ਦੋਹਾਂ ਪਾਸਿਆਂ ਤੋਂ ਟੁੱਟਿਆਂ ਹੋਇਆ ਜੀਵਨ ਬਤੀਤ ਕਰਦਾ ਹੈ। ਜੋ ਕਿ ਪਰਵਾਸੀ ਮਨੁੱਖ ਦਾ ਮੂਲ ਦੁਖਾਂਤ ਹੈ। ਜਿਸ ਨੂੰ ਆਤਮਸਾਤ ਕਰਨਾ ਉਸ ਲਈ ਮੁਸ਼ਕਿਲ ਹੀ ਨਹੀਂ ਸਗੋਂ ਨਾਮੁਮਕਿਨ ਵੀ ਲੱਗਦਾ ਹੈ:

ਉਜ ਤਾਂ ਸਾਰੀ ਉਮਰ ਅਸੀਂ
ਕਮਾਇਆ ਹੀ ਕਮਾਇਆ ਹੈ
ਗੁਆਇਆ ਹੈ ਤਾਂ ਕੇਵਲ
ਆਪਣਾ ਵਰਤਮਾਨ ਗੁਆਇਆ ਹੈ[11]

ਇਨ੍ਹਾਂ ਪਰਵਾਸੀ ਪੰਜਾਬੀਆਂ ਨੇ ਮਸ਼ੀਨ ਨਾਲ ਮਸ਼ੀਨ ਬਣ ਕੇ ਜਾ ਓਵਰ ਟਾਈਮ ਲਗਾ ਕੇ ਆਪਣੀਆਂ ਆਰਥਿਕ ਲੋੜਾਂ 'ਤੇ ਤਾਂ ਕਾਬੂ ਪਾ ਲਿਆ, ਪਰ ਆਪਣੇ ਮਨ ਦੀ ਸ਼ਾਂਤੀ ਸਦਾ ਲਈ ਨਿਸ਼ਾਵਰ ਕਰ ਦਿੱਤੀ। ਹੁਣ ਇਨ੍ਹਾਂ ਦੀ ਸਥਿਤੀ ਪਹਿਲੀ ਸਥਿਤੀ ਤੋਂ ਉਲਟ ਪ੍ਰਤੀਤ ਹੁੰਦੀ ਹੈ। ਪਹਿਲਾਂ ਆਪਣੇ ਦੇਸ਼ ਵੱਸਦੇ ਪਰਵਾਸੀ ਕੋਲ ਰੂਹ ਮੌਜੂਦ ਸੀ ਅਤੇ ਸਰੀਰਕ ਲੋੜਾਂ ਰੋਟੀ, ਕੱਪੜਾ ਮਕਾਨ ਆਦਿ ਸੁੱਖ-ਸਹੂਲਤਾਂ ਮੌਜੂਦ ਨਹੀਂ ਸਨ। ਅਜੋਕੇ ਸੁੱਖ-ਸਹੂਲਤਾਂ ਵਾਲੇ ਦੇਸ਼ ਵਿਚ ਵੱਸਦਿਆਂ

ਇਨ੍ਹਾਂ ਪਰਵਾਸੀਆਂ ਕੋਲ ਪਦਾਰਥਕ ਵਸਤਾਂ ਤਾਂ ਹਨ, ਪਰ ਰੂਹ ਨਹੀਂ ਹੈ। ਮਾਨਸਿਕ ਸੁੱਖ ਅਤੇ ਰੂਹ ਤੋਂ ਸੱਖਣੇ ਇਹ ਪਰਵਾਸੀ ਆਪਣੀ ਹਾਲਤ ਨੂੰ ਇਉਂ ਪੇਸ਼ ਕਰਦੇ ਹਨ:

ਬੜੀ ਪਦਾਰਥਾਂ ਦੀ ਭਿੰਨਤਾ
ਪਰ ਵਿੱਡੀਂ ਭੁੱਖ ਨਹੀਂ
ਥੁੜਾਂ ਦੇ ਸਾਏ ਅਲੋਪ ਹਨ
ਪਰ ਮਨ ਦਾ ਸੁਖ ਨਹੀਂ।[12]

ਪਦਾਰਥਕ ਲੋੜਾਂ ਦੀ ਪੂਰਤੀ ਕਰਕੇ ਅਤੇ ਰੂਹ ਨੂੰ ਗੁਆ ਕੇ ਪਰਵਾਸੀ ਮਨੁੱਖ ਦੁਚਿਤੀ ਭਰਿਆ ਜੀਵਨ ਬਤੀਤ ਕਰਦਾ ਹੈ। ਦੁਚਿਤੀ ਪਰਵਾਸੀ ਮਨੁੱਖੀ ਜ਼ਿੰਦਗੀ ਦਾ ਮੂਲ ਬਿੰਦੂ ਹੈ। ਪਰਾਈ ਧਰਤੀ ’ਤੇ ਵਿਚਰਦਿਆਂ ਇਹ ਧਰਤੀ ਉਸ ਨੂੰ ਅਜਨਬੀਅਤ ਦਾ ਅਹਿਸਾਸ ਕਰਵਾਉਂਦੀ ਹੈ। ਪਰਵਾਸੀ ਮਨੁੱਖ ਦੀ ਦਿਲੀ ਤਮੰਨਾ ਇਹ ਹੈ ਕਿ ਉਹ ਜਿਸ ਧਰਤੀ ’ਤੇ ਰਹਿੰਦਾ ਹੈ, ਉਸ ਨੂੰ ਆਪਣਾ ਆਖ ਸਕੇ। ਪਰ ਪਰਾਈ ਧਰਤੀ ਕਦੇ ਵੀ ਆਪਣਾ ਹੋਣ ਦਾ ਅਹਿਸਾਸ ਪੈਦਾ ਨਹੀਂ ਕਰਦੀ। ਇਸ ਤਰ੍ਹਾਂ ਦੀ ਦੁਚਿਤੀ ਨੂੰ ਚਿਤਰਦਿਆਂ ਅਜਮੇਰ ਰੋਡੇ ਲਿਖਦਾ ਹੈ:

ਇਕ ਪਾਸੇ ਤਾਂ ਜੀਅ ਕਰਦੈ ਮੁੜ ਜਾਵਾਂ
ਐਵੇਂ ਮੇਰਾ ਕੁਝ ਨਾ ਨਿਸ਼ਚਿਤ ਨਾ ਪੱਕਾ ਸਿਰਨਾਵਾਂ
ਇਹ ਧਰਤੀ ਖ਼ਬਰੇ ਕਦ ਮੇਰੀ ਬਣਨੀ ਬਣਨੀ ਕਿ ਨਾ ਬਣਨੀ[13]

ਪਰਵਾਸੀ ਮਨੁੱਖ ਨੇ ਜਿੱਥੇ ਆਪਣੇ ਕਵਿਤਾ ਵਿਚ ਮਨ ਦੀ ਦੁਚਿਤੀ ਨੂੰ ਦਰਸਾਇਆ ਹੈ, ਉੱਥੇ ਨਾਲ ਹੀ ਆਪਣੀ ਮਖੌਟੇਧਾਰੀ ਜ਼ਿੰਦਗੀ ਨੂੰ ਪੇਸ਼ ਕੀਤਾ ਹੈ। ਉਹ ਦੱਸਦਾ ਹੈ ਕਿ ਬਾਹਰੀ ਸਜਾਵਟ ਨੂੰ ਦੇਖ ਅਚੰਭਿਤ ਹੋਣ ਦੀ ਥਾਂ ਇਸ ਮਖੌਟੇ ਪਿੱਛੇ ਛੁਪੇ ਅਸਲੀ ਚਿਹਰੇ ਨੂੰ ਤੱਕਣ ਦੀ ਲੋੜ ਹੈ:

ਬਾਹਰੀ ਸੂਟ ਬੂਟ, ਨਕਟਾਈ
… … … …
ਭੁਲੇਖੇ ’ਚ ਨਾ ਪਏ ਰਹਿਣਾ
ਕਿ ਮੈਂ ਬੜਾ ਅਪਟੂਡੇਟ
ਅਲਟ੍ਰਾ ਮਾਡਰਨ ਖੁਸ਼-ਪੋਸ਼ ਹਾਂ
… … … …

**ਮੈਂ ਤਾਂ ਅੱਧਾ ਆਗਿਆਤਵਾਸੀ**

**ਅੱਧਾ ਖਾਨਾਬਦੋਸ਼ ਹਾਂ**[14]

**ਇਸ ਤਰ੍ਹਾਂ ਜਦੋਂ ਦੇਸ਼ ਵਿਚ ਵੱਸਦੇ ਉਨ੍ਹਾਂ ਦੇ ਯਾਰ, ਦੋਸਤ, ਰਿਸ਼ਤੇਦਾਰ ਆਪਣੇ ਮਨ ਦੇ ਭਰਮਾਂ ਨੂੰ ਉਜਾਗਰ ਕਰਦੇ ਹਨ, ਤਾਂ ਪਰਵਾਸੀ ਆਪਣੇ ਹਾਲਾਤਾਂ ਨੂੰ ਇਨ੍ਹਾਂ ਸਾਹਮਣੇ ਉਜਾਗਰ ਕਰਦੇ ਹਨ। ਪਰਵਾਸੀ ਕਵਿਤਾ ਇਨ੍ਹਾਂ ਭਰਮ-ਭੁਲੇਖਿਆਂ ਨੂੰ ਦੂਰ ਕਰਦੀ ਇਸ ਦੀ ਅਸਲੀਅਤ ਨੂੰ ਚਿਤਰਦੀ ਹੈ। ਪਰਵਾਸੀ ਮਨੁੱਖ ਦੀ ਬਾਹਰੀ ਜ਼ਿੰਦਗੀ ਜੋ ਕਿ ਦੇਖਣ ਨੂੰ ਬਹੁਤ ਨਿਰਾਲੀ ਲੱਗਦੀ ਹੈ। ਪਰ ਇਸ ਦੀ ਅਸਲੀਅਤ ਨੂੰ ਬਿਆਨ ਕਰਦੇ ਇਹ ਲੋਕ ਦੱਸਦੇ ਹਨ:**

**ਮੇਰੇ ਯਾਰੋ!**

**ਅਸੀਂ ਵੀ ਇਥੇ ਸਭ ਦਿਹਾੜੀਏ ਹਾਂ**

**ਬਸ ਜਰਾ ਕੁ**

**ਕਾਰਾਂ 'ਚ ਸਫ਼ਰ ਕਰਦੇ ਦਿਹਾੜੀਏ**[15]

**ਪਰਵਾਸੀ ਪੰਜਾਬੀ ਕਵਿਤਾ ਵਿਚ ਜਿੱਥੇ ਮਰਦ ਲੇਖਕਾਂ ਆਪਣੇ ਮਨੋਭਾਵਾਂ ਦੀ ਪੇਸ਼ਕਾਰੀ ਕੀਤੀ ਹੈ। ਉੱਥੇ ਇਸਤਰੀ ਲੇਖਕਾਂ ਦੀ ਭੂਮਿਕਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਦਲਵੀਰ ਕੌਰ, ਅਮਰ ਜਿਉਤੀ, ਸ਼ਸ਼ੀ ਸਮੁੰਦਰਾਂ, ਸੁਰਜੀਤ ਕਲਸੀ ਨੇ ਆਪਣੀਆਂ ਕਵਿਤਾਵਾਂ ਰਾਹੀਂ ਪਰਵਾਸ ਦੇ ਕੌੜੇ ਸੱਚ ਨੂੰ ਉਭਾਰਦਿਆਂ ਇਸਤਰੀ ਦੀ ਅਗਾਂਹਵਧੂ ਸੋਚ ਨੂੰ ਵੀ ਦਰਸਾਇਆ ਹੈ। "ਪਰਵਾਸੀ ਪੰਜਾਬੀ ਕਾਵਿ ਦਾ ਇਕ ਮਹੱਤਵਪੂਰਨ ਪਾਸਾਰ ਪੰਜਾਬੀ ਕਵਿਤਰੀਆਂ ਦੇ ਵਿਚਾਰਧਾਰਾਈ ਆਸਣ, ਸਮਾਜ ਸਭਿਆਚਾਰਕ ਦਾਇਰਿਆਂ ਨੂੰ ਉਲੰਘ ਕੇ ਸਵੈ-ਪਛਾਣ ਦੇ ਨਵੇਂ ਪ੍ਰਤਿਮਾਨ ਸਥਾਪਤ ਕਰਦੇ ਪ੍ਰਤੀਤ ਹੁੰਦੇ ਹਨ ਅਤੇ ਇਸਤਰੀ ਤਰਕ ਨੂੰ ਵਿਹਾਰਕ ਤਾਰਕਿਕਤਾ ਪ੍ਰਦਾਨ ਕਰਨ ਲਈ, ਇਤਿਹਾਸ ਦੀ ਇਤਿਹਾਸਕਤਾ ਨੂੰ ਨਵੇਂ ਪਰਿਪੇਖ ਤੇ ਅਰਥ ਪ੍ਰਦਾਨ ਕਰਨ ਦੀ ਇੱਛਾ ਤਹਿਤ ਨੂਤਨ ਕਾਵਿ ਸਿਰਜਣ ਆਧਾਰਾਂ ਨੂੰ ਪ੍ਰਸਤੁਤ ਕਰਦੀਆਂ ਹਨ।"[16] ਪਰਦੇਸ ਵਿਚ ਰਹਿੰਦਿਆਂ ਮਰਦ ਨਾਲ ਬਰਾਬਰ ਦਾ ਕੰਮ ਕਰਦਿਆਂ ਪਰਵਾਸੀ ਪੰਜਾਬੀ ਔਰਤ ਨੇ ਆਪਣੀ ਸੋਚ ਨੂੰ ਨਵੇਂ ਦਿਸਹੱਦਿਆਂ ਨਾਲ ਜੋੜਿਆ ਹੈ। ਉਹ ਪੁਰਾਤਨ ਕਦਰਾਂ-ਕੀਮਤਾਂ ਨੂੰ ਉਲੰਘ ਕੇ ਨਵੀਆਂ ਕੀਮਤਾਂ ਨੂੰ ਸਿਰਜਣਾ ਲੋਚਦੀ ਹੈ।**

**ਜਿੱਥੇ ਇਹ ਸਾਰੀ ਕਵਿਤਾ ਪਰਵਾਸ ਦੇ ਰੁਦਨ ਨੂੰ ਅਲਾਪਦੀ ਹੈ, ਉੱਥੇ ਕੁਝ ਕਵਿਤਾ ਇਸ ਦੇ ਸਾਕਾਰਾਤਮਕ ਪਹਿਲੂਆਂ ਨੂੰ ਵੀ ਦਰਸਾਉਂਦੀ ਹੈ। ਉਹ ਸੰਤਾਪ ਤੇ ਮੁਸ਼ਕਿਲਾਂ ਨੂੰ ਨਾ-ਕਾਫ਼ੀ ਦੱਸਦਿਆਂ ਆਪਣੀਆਂ ਲੋੜਾਂ ਦੀ ਪੂਰਤੀ ਤੇ ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਹਾਂ-ਮੁਖੀ ਐਲਾਨਦੀ ਹੈ। "ਏਥੇ ਉਨ੍ਹਾਂ ਕਵਿਤਾਵਾਂ ਦਾ ਜ਼ਿਕਰ ਕਰਨਾ ਵੀ ਸਾਰਥਕ ਹੈ ਜਿਹੜੀਆਂ ਪਰਵਾਸ ਨੂੰ ਇਕ ਦੁਖਦਾਈ ਮਜਬੂਰੀ, ਸੰਤਾਪ ਤੇ ਦੁਖਾਂਤ ਵਜੋਂ ਨਹੀਂ, ਸਗੋਂ ਨਵੇਂ ਸਫ਼ਰ ਦੇ ਚਾਅ, ਨਵੇਂ ਅੰਬਰਾਂ**

ਵਿਚ ਪਰਵਾਜ਼ ਭਰਨ ਦੀ ਲੋਚਾ ਅਤੇ ਨਵੀਆਂ ਸੰਭਾਵਨਾਵਾਂ ਦੀ ਤਲਾਸ਼ ਵਜੋਂ ਪਰਿਭਾਸ਼ਤ ਕਰਦੀਆਂ ਹਨ। ਅਜਿਹੀਆਂ ਕਵਿਤਾਵਾਂ ਪਰਵਾਸੀ ਹੋਣ ਦੀ ਸਥਿਤੀ ਪ੍ਰਤਿ ਉਪਭਾਵੁਕ ਰੁਦਨ ਤੇ ਵਿਰਲਾਪ ਨਿਰੰਤਰ ਝੁਰਨ ਤੇ ਸੰਤਾਪ ਭੋਗਣ ਵਿਚ ਖੁਭੇ ਰਹਿਣ ਦੀ ਬਜਾਏ ਪਰਵਾਸ ਨੂੰ ਨਵੀਆਂ ਸੰਭਾਵਨਾਵਾਂ ਦੇ ਸਾਕਾਰੀਕਰਨ ਦੇ ਮੌਕੇ ਵਜੋਂ ਅਪਨਾਉਣ ਵਾਲੀ ਪਹੁੰਚ ਦਾ ਪ੍ਰਗਟਾਵਾ ਹਨ। ”[17] ਪਰਵਾਸ ਦੇ ਸਾਕਾਰਾਤਮਕ ਰੂਪ ਨੂੰ ਦਰਸਾਉਂਦੀ ਕਵਿਤਾ ਇਸ ਪ੍ਰਕਾਰ ਹੈ:

ਪਰਵਾਸ ਨੇ ਮੇਰੇ ਅੱਖਰਾਂ ਨੂੰ ਖੋਰਿਆ ਨਹੀਂ
ਮੈਂ ਉਦਰੇਵਿਆਂ ਦੇ ਨ੍ਹੇਰਿਆਂ 'ਚ
ਹੌਕਿਆਂ ਦੀ ਨੀਂਦ ਨਹੀਂ ਸੌਂਦਾ
… … … …
ਪਰਵਾਸੀ ਹੋਣ ਨਾਲ ਮੈਂ ਥਾਂ ਥਾਂ ਤੋਂ ਟੁੱਟਿਆ ਤੇ ਝੁਰਿਆ ਨਹੀਂ ਹਾਂ।[18]

ਪਰਵਾਸੀ ਮਨੁੱਖ ਪਰਵਾਸ ਦੀਆਂ ਮੁਸ਼ਕਿਲਾਂ ਨੂੰ ਆਤਮਸਾਤ ਕਰਕੇ ਨਵੀਂ ਜ਼ਿੰਦਗੀ ਜਿਊਂਣ ਨੂੰ ਵੀ ਤਰਜੀਹ ਦਿੰਦਾ ਹੈ।

ਪਰਵਾਸੀ ਕਵਿਤਾ ਪਰਵਾਸ ਅਤੇ ਇਸ ਨਾਲ ਜੁੜੇ ਮਨੁੱਖੀ ਜੀਵਨ ਦੇ ਪਹਿਲੂਆਂ ਨੂੰ ਹੀ ਪੇਸ਼ ਨਹੀਂ ਕਰਦੀ, ਸਗੋਂ ਪੰਜਾਬੀ ਪਾਠਕ ਨੂੰ ਨਵੀਆਂ ਕਾਢਾਂ, ਤਕਨਾਲੋਜੀ ਦੇ ਪਾਸਾਰਾਂ ਤੇ ਵਿਸ਼ਵ ਸੋਚ ਦਾ ਹਾਣੀ ਬਣਾਉਣ ਦਾ ਯਤਨ ਵੀ ਕਰਦੀ ਹੈ। ਵਿਸ਼ਵੀਕਰਨ ਦੇ ਯੁੱਗ ਅੰਦਰ ਵਿਚਰਦੇ ਮੰਡੀ ਸਭਿਆਚਾਰ ਤੋਂ ਵੀ ਜਾਣੂ ਕਰਵਾਉਂਦੀ ਹੈ। ਇਸ ਤੋਂ ਪਤਾ ਚਲਦਾ ਹੈ ਕਿ ਇਨ੍ਹਾਂ ਪਰਵਾਸੀਆਂ ਕੋਲ ਜ਼ਿੰਦਗੀ ਦਾ ਰੁਦਨ ਹੀ ਨਹੀਂ ਸਗੋਂ ਪੂੰਜੀਪਤੀ ਦੇਸ਼ ਦੀਆਂ ਕਾਢਾਂ ਅਤੇ ਸੋਚਾਂ ਦਾ ਤਜਰਬਾ ਵੀ ਹੈ।

ਸੋ ਆਪਣੀਆਂ ਲੋੜਾਂ ਨੂੰ ਆਤਮਸਾਤ ਕਰਨ ਲਈ ਬਹੁਤ ਸਾਰੇ ਲੋਕਾਂ ਨੇ ਪਰਵਾਸ ਧਾਰਨ ਕੀਤਾ। ਪਰਵਾਸੀ ਕਵਿਤਾ ਜਿੱਥੇ ਪਰਵਾਸੀ ਜੀਵਨ ਦੇ ਰੁਦਨ, ਕਠਿਨਾਈਆਂ ਨੂੰ ਪੇਸ਼ ਕਰਦੀ ਹੈ। ਉੱਥੇ ਇਸ ਦੇ ਸਾਕਾਰਾਤਮਕ ਪਹਿਲੂਆਂ ਨੂੰ ਵੀ ਦਰਸਾਉਂਦੀ ਹੈ। ਪਰਵਾਸ ਨੂੰ ਖ਼ੁਸ਼ਹਾਲ ਜ਼ਿੰਦਗੀ ਬਤੀਤ ਕਰਨ ਦਾ ਇਕ ਨਵਾਂ ਪਲੇਟਫਾਰਮ ਦੱਸਦੀ ਹੋਈ ਮਨੁੱਖ ਨੂੰ ਵਿਸ਼ਵ ਸੋਚ ਦਾ ਹਾਣੀ ਬਣਾਉਂਦੀ ਹੋਈ ਵੀ ਪ੍ਰਤੀਤ ਹੁੰਦੀ ਹੈ। ਸੋ ਅੰਤ 'ਤੇ ਕਿਹਾ ਜਾ ਸਕਦਾ ਹੈ ਕਿ ਪਰਵਾਸੀ ਕਵਿਤਾ ਦਾ ਮੂਲ ਪੰਜਾਬੀ ਕਵਿਤਾ ਵਿਚ ਮੁੱਖ ਸਥਾਨ ਹੈ। ਇਹ ਕਵਿਤਾ ਜਿੱਥੇ ਵਿਸ਼ੇ ਪੱਖੋਂ ਨਵੀਨ ਸਰੋਕਾਰਾਂ ਨੂੰ ਚਿਤਰਦੀ ਹੈ, ਉੱਥੇ ਕਲਾਤਮਕ ਪੱਖੋਂ ਵੀ ਮੁੱਲਵਾਨ ਸਾਬਤ ਹੁੰਦੀ ਹੈ।

**ਹਵਾਲੇ ਅਤੇ ਟਿੱਪਣੀਆਂ**

1. ਡਾ.ਸ.ਪ. ਸਿੰਘ, (ਸੰਪਾ.) ਡਾ. ਹਰਚੰਦ ਸਿੰਘ ਬੇਦੀ, **ਪਰਵਾਸੀ ਪੰਜਾਬੀ ਕਵਿਤਾ**, ਪੰਨਾ 12.
2. ਵਿਸ਼ਾਲ 'ਪਰਦੇਸੀ', **ਦੇਸ ਹੋਇਆ ਪਰਦੇਸ**, (ਸੰਪਾ.) ਡਾ. ਹਰਚੰਦ ਸਿੰਘ ਬੇਦੀ, ਪੰਨਾ 84.
3. ਉਹੀ, ਪੰਨਾ 83.
4. ਅਵਤਾਰ ਜੰਡਿਆਲਵੀ, 'ਮੇਰੇ ਪਰਤ ਆਉਣ ਤੱਕ' **ਦੇਸ ਹੋਇਆ ਪਰਦੇਸ**, (ਸੰਪਾ.) ਡਾ. ਹਰਚੰਦ ਸਿੰਘ ਬੇਦੀ, ਪੰਨਾ 38.
5. ਅਮਰ ਜਿਉਤੀ, 'ਬੇਵਤਨ', **ਦੇਸ ਹੋਇਆ ਪਰਦੇਸ**, (ਸੰਪਾ.) ਡਾ. ਹਰਚੰਦ ਸਿੰਘ ਬੇਦੀ, ਪੰਨਾ 59.
6. ਉਹੀ।
7. ਸੁਖਪਾਲ, 'ਦਸਤਾਰ', **ਦੇਸ ਹੋਇਆ ਪਰਦੇਸ**, (ਸੰਪਾ.) ਡਾ. ਹਰਚੰਦ ਸਿੰਘ ਬੇਦੀ, ਪੰਨਾ 121.
8. ਸੁਰਜੀਤ ਕਲਸੀ, 'ਕਵਿਤਾ' **ਦੇਸ ਹੋਇਆ ਪਰਦੇਸ**, (ਸੰਪਾ.) ਡਾ. ਹਰਚੰਦ ਸਿੰਘ ਬੇਦੀ, ਪੰਨਾ 132.
9. ਰਵਿੰਦਰ ਸਹਿਰਾਅ, 'ਅਸੀ ਕੁਝ ਵੀ ਨਹੀਂ', **ਦੇਸ ਹੋਇਆ ਪਰਦੇਸ**, (ਸੰਪਾ.) ਡਾ. ਹਰਚੰਦ ਸਿੰਘ ਬੇਦੀ, ਪੰਨਾ 106.
10. ਸੁਖਵਿੰਦਰ ਕੰਬੋਜ 'ਇਕੋ ਜਿਹਾ ਦੁੱਖ', **ਦੇਸ ਹੋਇਆ ਪਰਦੇਸ**, (ਸੰਪਾ.) ਡਾ. ਹਰਚੰਦ ਸਿੰਘ ਬੇਦੀ, ਪੰਨਾ 99.
11. ਜਗਤਾਰ ਢਾਅ, 'ਵਰਤਮਾਨ ਸੱਖਣੈ', **ਦੇਸ ਹੋਇਆ ਪਰਦੇਸ**, (ਸੰਪਾ.) ਡਾ. ਹਰਚੰਦ ਸਿੰਘ ਬੇਦੀ, ਪੰਨਾ 42.
12. ਬਲਦੇਵ ਬਾਵਾ, 'ਬਾਣੀਆਂ ਸ਼ਹਿਰ', **ਦੇਸ ਹੋਇਆ ਪਰਦੇਸ**, (ਸੰਪਾ.) ਡਾ. ਹਰਚੰਦ ਸਿੰਘ ਬੇਦੀ, ਪੰਨਾ 44.
13. ਅਜਮੇਰ ਰੋਡੇ, 'ਦੁਚਿਤੀਆਂ', **ਦੇਸ ਹੋਇਆ ਪਰਦੇਸ**, (ਸੰਪਾ.) ਡਾ. ਹਰਚੰਦ ਸਿੰਘ ਬੇਦੀ, ਪੰਨਾ 113.
14. ਅਜਾਇਬ ਕਮਲ, 'ਹੜੱਪਾ', **ਦੇਸ ਹੋਇਆ ਪਰਦੇਸ**, (ਸੰਪਾ.) ਡਾ. ਹਰਚੰਦ ਸਿੰਘ ਬੇਦੀ, ਪੰਨਾ 94.
15. ਸੁਖਵਿੰਦਰ ਕੰਬੋਜ, 'ਇਕੋ ਜਿਹਾ ਦੁੱਖ', **ਦੇਸ ਹੋਇਆ ਪਰਦੇਸ**, (ਸੰਪਾ.) ਡਾ. ਹਰਚੰਦ ਸਿੰਘ ਬੇਦੀ, ਪੰਨਾ 100.
16. ਡਾ.ਹਰਚੰਦ ਸਿੰਘ ਬੇਦੀ, 'ਪਰਵਾਸੀ ਕਵਿਤਾ ਦਾ ਮਸਲਾ' **ਦੇਸ ਹੋਇਆ ਪਰਦੇਸ**, (ਸੰਪਾ.) ਡਾ. ਹਰਚੰਦ ਸਿੰਘ ਬੇਦੀ, ਪੰਨਾ 22.
17. ਡਾ. ਬਲਜੀਤ ਕੌਰ, 'ਪਰਵਾਸੀ ਕਵੀਆਂ ਦੀ ਕਵਿਤਾ', **ਵੀਹਵੀਂ ਸਦੀ ਦੀ ਪੰਜਾਬੀ ਕਵਿਤਾ : ਸਰੂਪ ਤੇ ਵਿਕਾਸ,** ਪੰਨਾ 318.
18. ਦੇਵ, 'ਪਰਵਾਸ', ਦੇਸ ਹੋਇਆ ਪਰਦੇਸ (ਸੰਪਾ.) ਡਾ. ਹਰਚੰਦ ਸਿੰਘ ਬੇਦੀ, ਪੰਨੇ 88-89.